# ਸੈਕੰਡਰੀ ਸਕੂਲ ਸਥਾਨ ਆਵੰਟਨ ਪ੍ਰਣਾਲੀ 2024/2026
# (ਸਤੰਬਰ 2026 ਵਿੱਚ ਸੈਕੰਡਰੀ 1 ਵਿੱਚ ਦਾਖਲੇ ਲਈ)
# ਅਕਸਰ ਪੁੱਛਣ ਵਾਲੇ ਸਵਾਲ

## ਕੇਂਦਰੀ ਵੰਡ ਸਿਸਟਮ

**(1) ਪ੍ਰ. ਕੇਂਦਰੀ ਵੰਡ (CA) ਦੇ ਲਈ ਕਿਹੜੇ ਮਾਪਦੰਡ ਅਤੇ ਵੰਡ ਪ੍ਰਕਿਰਿਆ ਹਨ?**

ਉ CA ਵਿਦਿਆਰਥੀ ਦੇ ਵੰਡ ਬੈਂਡ, ਮਾਪਿਆਂ ਦੁਆਰਾ ਸਕੂਲਾਂ ਦੀ ਚੋਣ, ਅਤੇ ਬੇਤਰਤੀਬੇ ਨੰਬਰਾਂ 'ਤੇ ਆਧਾਰਿਤ ਹੁੰਦਾ ਹੈ।

Part -A ਵਿੱਚ ਪਹਿਲਾਂ "ਗੈਰ-ਪ੍ਰਤੀਬੰਧਿਤ ਸਕੂਲੀ ਵਿਕਲਪਾਂ" 'ਤੇ ਕਾਰਵਾਈ ਕੀਤੀ ਜਾਂਦੀ ਹੈ। Part -A ਵਿੱਚ ਸਾਰੇ ਵਿਦਿਆਰਥੀਆਂ ਦੀਆਂ ਸਕੂਲੀ ਚੋਣਾਂ ਦੀ ਪ੍ਰਕਿਰਿਆ ਕਰਨ ਤੋਂ ਬਾਅਦ ਹੀ, ਕੰਪਿਊਟਰ Part -B ਵਿੱਚ "ਪ੍ਰਤਿਬੰਧਿਤ ਸਕੂਲੀ ਵਿਕਲਪਾਂ" ਦੀ ਪ੍ਰਕਿਰਿਆ ਸ਼ੁਰੂ ਕਰੇਗਾ।

Part -A ਵਿੱਚ "ਅਣ-ਪ੍ਰਤੀਬੰਧਿਤ ਸਕੂਲੀ ਵਿਕਲਪਾਂ" 'ਤੇ ਪ੍ਰਕਿਰਿਆ ਕਰਦੇ ਸਮੇਂ, ਕੰਪਿਊਟਰ ਪਹਿਲਾਂ ਸਕੂਲ ਦੇ ਵਿਕਲਪਾਂ ਦੀ ਪਹਿਲ ਦੇ ਕ੍ਰਮ ਅਨੁਸਾਰ ਖੇਤਰੀ ਬੈਂਡ 1 ਵਿਚਲੇ ਵਿਦਿਆਰਥੀਆਂ ਨੂੰ ਸਕੂਲ ਵਿੱਚ ਸਥਾਨ ਦੇਵੇਗਾ। ਇਹਨਾਂ ਸਾਰੇ ਵਿਦਿਆਰਥੀਆਂ ਦੀਆਂ ਸਕੂਲੀ ਚੋਣਾਂ ਦੀ ਜਾਂਚ ਕਰਨ ਦੇ ਬਾਅਦ, ਕੰਪਿਊਟਰ ਖੇਤਰੀ ਬੈਂਡ 2 ਵਿਚਲੇ ਵਿਦਿਆਰਥੀਆਂ ਦੀਆਂ ਸਕੂਲੀ ਚੋਣਾਂ ਵਾਸਤੇ ਅਤੇ ਅੰਤ ਵਿੱਚ ਖੇਤਰੀ ਬੈਂਡ 3 ਦੇ ਵਿਦਿਆਰਥੀਆਂ ਵਾਸਤੇ ਕਾਰਵਾਈ ਕਰਨ ਲਈ ਉਸੇ ਪ੍ਰਕਿਰਿਆ ਦੀ ਪਾਲਣਾ ਕਰੇਗਾ। ਜਿਹੜੇ ਵਿਦਿਆਰਥੀ Part -A ਵਿੱਚ ਸਥਾਨ ਹਾਸਲ ਕਰਨ ਵਿੱਚ ਸਫਲ ਹੋ ਜਾਂਦੇ ਹਨ, ਉਹਨਾਂ ਨੂੰ Part -B ਵਿੱਚ ਸਥਾਨ ਨਹੀਂ ਦਿੱਤਾ ਜਾਵੇਗਾ। ਜੇ ਕਿਸੇ ਵਿਦਿਆਰਥੀ ਨੂੰ ਉਸ ਦੇ ਸਕੂਲ ਦੇ ਸਾਰੇ ਵਿਕਲਪ ਖਤਮ ਹੋਣ ਤੋਂ ਬਾਅਦ Part -A ਵਿੱਚ ਸਕੂਲ ਦਾ ਸਥਾਨ ਅਲਾਟ ਨਹੀਂ ਕੀਤਾ ਜਾਂਦਾ ਹੈ, ਤਾਂ ਉਸ ਨੂੰ Part -B ਵਿੱਚ ਇੱਕ ਸਥਾਨ ਅਲਾਟ ਕੀਤਾ ਜਾਵੇਗਾ।

"ਪ੍ਰਤਿਬੰਧਿਤ ਸਕੂਲੀ ਵਿਕਲਪਾਂ" ਲਈ Part -B ਵਿੱਚ ਪ੍ਰਕਿਰਿਆ ਕਰਦੇ ਹੋਏ, ਕੰਪਿਊਟਰ ਪਹਿਲਾਂ ਨੈੱਟ ਬੈਂਡ 1 ਵਿੱਚ ਵਿਦਿਆਰਥੀਆਂ ਨੂੰ ਆਪਣੀ ਪਸੰਦ ਦੇ ਸਕੂਲਾਂ ਦੀ ਤਰਜੀਹ ਦੇ ਕ੍ਰਮ ਅਨੁਸਾਰ ਸਕੂਲ ਵਿੱਚ ਸਥਾਨ ਅਲਾਟ ਕਰੇਗਾ। ਜੇ ਨੈੱਟ ਬੈਂਡ 1 ਦੇ ਕਿਸੇ ਵਿਦਿਆਰਥੀ ਨੂੰ ਉਸ ਦੇ ਸਕੂਲ ਦੇ ਸਾਰੇ ਵਿਕਲਪ ਖਤਮ ਹੋਣ ਤੋਂ ਬਾਅਦ ਵੀ ਸਕੂਲ ਦਾ ਸਥਾਨ ਅਲਾਟ ਨਹੀਂ ਕੀਤਾ ਜਾ ਸਕਦਾ, ਤਾਂ ਕੰਪਿਊਟਰ ਉਸ ਨੂੰ ਸਕੂਲ ਦੇ ਨੈੱਟ ਵਿੱਚ ਬਾਕੀ ਸਥਾਨਾਂ ਵਿੱਚੋਂ ਇੱਕ ਅਲਾਟ ਕਰ ਦੇਵੇਗਾ[1]। ਅੰਤ ਤੱਕ ਨੈੱਟ ਬੈਂਡ 1 ਵਿਚਲੇ ਸਾਰੇ ਵਿਦਿਆਰਥੀਆਂ ਨੂੰ ਸਕੂਲ ਦੀਆਂ ਥਾਂਵਾਂ ਅਲਾਟ ਕੀਤੀਆਂ ਜਾਂਦੀਆਂ ਹਨ, ਫੇਰ ਕੰਪਿਊਟਰ ਨੈੱਟ ਬੈਂਡ 2 ਅਤੇ ਅੰਤ ਵਿੱਚ ਨੈੱਟ ਬੈਂਡ 3 ਵਿਚਲੇ ਵਿਦਿਆਰਥੀਆਂ ਦੀ ਚੋਣ ਦੇ ਅਨੁਸਾਰ ਕਾਰਵਾਈ ਕਰਨ ਲਈ ਉਸੇ ਪ੍ਰਕਿਰਿਆ ਦੀ ਪਾਲਣਾ ਕਰੇਗਾ।

CA ਦੀਆਂ ਵੰਡ ਪ੍ਰਕਿਰਿਆਵਾਂ ਲਈ, ਮਾਪੇ ਅਪ੍ਰੈਲ 2026 ਦੀ ਸ਼ੁਰੂਆਤ ਵਿੱਚ ਸਿੱਖਿਆ ਬਿਊਰੋ (EDB) ਦੇ ਹੋਮਪੇਜ ਤੇ ਅਪਲੋਡ ਕੀਤੇ ਗਏ "ਮਾਪਿਆਂ ਲਈ ਕੇਂਦਰੀ ਵੰਡ ਸਬੰਧੀ ਜਰੂਰੀ ਤੱਥ" ਦੀ ਸਹਾਇਤਾ ਲੈ ਸਕਦੇ ਹਨ। ਇਸ ਤੋਂ ਇਲਾਵਾ, ਵੰਡ ਪ੍ਰਕਿਰਿਆ ਬਾਰੇ ਸੰਬੰਧਿਤ ਵੀਡੀਓ EDB's Homepage ਤੇ ਸਮੇਂ ਸਿਰ ਉਪਲਬਧ ਹੋਵੇਗਾ।

[1] ਸਿੱਧੀ ਸਬਸਿਡੀ ਸਕੀਮ ਵਾਲੇ ਸਕੂਲਾਂ ਅਤੇ ਟਿੱਪਣੀ ਵਾਲੇ ਸਕੂਲਾਂ ਨੂੰ ਛੱਡ ਕੇ "ਵਿਦਿਆਰਥੀਆਂ ਨੂੰ ਇਸ ਸਕੂਲ ਵਿੱਚ ਉਦੋਂ ਤੱਕ ਅਲਾਟ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਹ ਇਸਨੂੰ ਆਪਣੀ ਪਸੰਦ ਵਿੱਚ ਸ਼ਾਮਲ ਨਹੀਂ ਕਰਦੇ"।

**(2) ਪ੍ਰ. ਬੇਤਰਤੀਬ ਸੰਖਿਆ ਕਿਸ ਲਈ ਵਰਤੀ ਜਾਂਦੀ ਹੈ?**

ਉ ਕੇਂਦਰੀ ਵੰਡ ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਕੰਪਿਊਟਰ ਦੁਆਰਾ ਬੇਤਰਤੀਬ ਸੰਖਿਆ ਤਿਆਰ ਕੀਤੇ ਜਾਂਦੇ ਹਨ। ਇਹ ਉਸੇ ਵੰਡ ਬੈਂਡ ਦੇ ਅੰਦਰ ਵਿਦਿਆਰਥੀਆਂ ਦੀ ਵੰਡ ਦੇ ਕ੍ਰਮ ਨੂੰ ਨਿਰਧਾਰਤ ਕਰਨ ਲਈ ਵਰਤਿਆ ਜਾਂਦਾ ਹੈ। ਜੇਕਰ ਕਿਸੇ ਖਾਸ ਸੈਕੰਡਰੀ ਸਕੂਲ ਦੇ ਸਕੂਲ ਸਥਾਨਾਂ ਦੀ ਮੰਗ ਉਪਲਬਧਤਾ ਤੋਂ ਵੱਧ ਜਾਂਦੀ ਹੈ, ਤਾਂ ਉਸੇ ਵੰਡ ਬੈਂਡ ਦੇ ਅੰਦਰ ਸਭ ਤੋਂ ਛੋਟੀ ਬੇਤਰਤੀਬ ਸੰਖਿਆ ਵਾਲੇ ਵਿਦਿਆਰਥੀ ਨੂੰ ਪਹਿਲਾ ਸਥਾਨ ਅਲਾਟ ਕੀਤਾ ਜਾਵੇਗਾ। ਬੇਤਰਤੀਬ ਸੰਖਿਆ ਦਾ "ਵਿਦਿਆਰਥੀ ਹਵਾਲਾ ਸੰਖਿਆ" ਜਾਂ ਵਿਦਿਆਰਥੀ ਦੀ ਨਿੱਜੀ ਜਾਣਕਾਰੀ ਨਾਲ ਕੋਈ ਸਬੰਧ ਨਹੀਂ ਹੈ। ਵੰਡ ਪ੍ਰਕਿਰਿਆ ਦੌਰਾਨ, ਹਰੇਕ ਵਿਦਿਆਰਥੀ ਨੂੰ ਸਿਰਫ਼ ਇੱਕ ਬੇਤਰਤੀਬ ਸੰਖਿਆ ਦਿੱਤੀ ਜਾਵੇਗੀ। ਵੰਡ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਬੇਤਰਤੀਬ ਸੰਖਿਆ ਨੂੰ ਬਰਕਰਾਰ ਨਹੀਂ ਰੱਖਿਆ ਜਾਵੇਗਾ।

**(3) ਪ੍ਰ. ਜੇ ਮਾਪਿਆਂ ਨੇ ਕਿਸੇ ਅਜਿਹੇ ਸੈਕੰਡਰੀ ਸਕੂਲ ਦੀ ਚੋਣ ਕੀਤੀ ਹੈ ਜਿਸਨੇ ਇਸ ਵੰਡ ਚੱਕਰ ਵਿੱਚ ਸੈਕੰਡਰੀ ਸਕੂਲ ਸਥਾਨ ਦੀ ਵੰਡ (SSPA) ਪ੍ਰਣਾਲੀ ਤਹਿਤ ਸੈਕੰਡਰੀ 1 (S1) ਸਥਾਨਾਂ ਦੀ ਪੇਸ਼ਕਸ਼ ਨਹੀਂ ਕੀਤੀ ਹੈ, ਤਾਂ ਉਸ ਸਕੂਲ ਦੀ ਚੋਣ ਨੂੰ ਲੈਕੇ ਕਾਰਵਾਈ ਕਿਵੇਂ ਕੀਤੀ ਜਾਵੇਗੀ?**

ਉ ਜੇ ਮਾਪਿਆਂ ਨੇ ਕਿਸੇ ਅਜਿਹੇ ਸੈਕੰਡਰੀ ਸਕੂਲ ਦੀ ਚੋਣ ਕੀਤੀ ਹੈ ਜਿਸਨੇ ਇਸ ਵੰਡ ਚੱਕਰ ਵਿੱਚ SSPA System ਤਹਿਤ S1 ਸਥਾਨਾਂ ਦੀ ਪੇਸ਼ਕਸ਼ ਨਹੀਂ ਕੀਤੀ ਹੈ, ਤਾਂ ਉਸ ਸਕੂਲ ਦੀ ਚੋਣ ਨੂੰ ਲੈਕੇ ਕਾਰਵਾਈ ਨਹੀਂ ਕੀਤੀ ਜਾਵੇਗੀ। ਵੰਡ ਪ੍ਰਕਿਰਿਆਵਾਂ ਦੇ ਦੌਰਾਨ, ਕੰਪਿਊਟਰ ਸਬੰਧਿਤ ਸਕੂਲ ਚੋਣ(ਚੋਣਾਂ) ਨੂੰ ਛੱਡ ਦੇਵੇਗਾ ਅਤੇ ਸਕੂਲ ਦਿਆਂ ਅਗਲਿਆਂ ਵਿਕਲਪਾਂ (ਜੇ ਕੋਈ ਹੋਵੇ) ਨੂੰ ਸੈਕੰਡਰੀ ਵਨ ਚੁਆਇਸ ਆਫ਼ ਸਕੂਲਜ਼ ਫਾਰਮ (Choice Form) ਵਿੱਚ ਅੱਗੇ ਭੇਜੇਗਾ।

## <u>ਕੇਂਦਰੀ ਵੰਡ ਵਿੱਚ ਵਿਕਲਪ ਬਣਾਉਣ ਦੀ ਕਸਰਤ</u>

**(4) ਪ੍ਰ CA ਲਈ ਸਕੂਲ ਵਿਕਲਪ ਦਸਤਾਵੇਜ਼ (Choice Form ਸਮੇਤ) ਵੰਡਣ ਦੇ ਕੀ ਪ੍ਰਬੰਧ ਹਨ?**

ਉ EDB ਅਪ੍ਰੈਲ 2026 ਦੀ ਸ਼ੁਰੂਆਤ ਵਿੱਚ ਹੇਠ ਲਿਖੇ ਵਿਕਲਪ ਦੇ ਦਸਤਾਵੇਜ਼ ਵੰਡੇਗਾ:

- "ਕੇਂਦਰੀ ਵੰਡ ਤੇ ਮਾਪਿਆਂ ਲਈ ਨੋਟਸ";
- "ਅਣ-ਪ੍ਰਤੀਬੰਧਿਤ ਸਕੂਲੀ ਵਿਕਲਪਾਂ ਲਈ ਹੈਂਡਬੁੱਕ";
- ਹਰੇਕ ਸਕੂਲ ਨੈੱਟ ਦੀ "ਸੈਕੰਡਰੀ ਸਕੂਲ ਸੂਚੀ"; ਅਤੇ
- "ਸੈਕੰਡਰੀ ਵਨ ਚੁਆਇਸ ਆਫ਼ ਸਕੂਲਜ਼ ਫਾਰਮ"

ਵੱਖ-ਵੱਖ ਮਾਪਿਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ, EDB ਪ੍ਰਾਇਮਰੀ ਸਕੂਲਾਂ ਰਾਹੀਂ ਪੇਪਰ Choice Form ਉਹਨਾਂ ਮਾਪਿਆਂ ਨੂੰ ਵੰਡੇਗਾ, ਜਿੰਨ੍ਹਾਂ ਨੇ ਅਪ੍ਰੈਲ 2026 ਦੀ ਸ਼ੁਰੂਆਤ ਵਿੱਚ SSPA e-Platform (eSSPA) ਤੇ ਅਖ਼ਤਿਆਰੀ ਸਥਾਨ (DP) ਲਈ ਅਰਜ਼ੀਆਂ ਜਮ੍ਹਾਂ ਨਹੀਂ ਕਾਰਵਾਈਆਂ ਹਨ। ਉਹ CA ਅਰਜ਼ੀਆਂ eSSPA ਰਾਹੀਂ ਜਾਂ ਪੇਪਰ ਦੇ ਰੂਪ ਵਿੱਚ ਜਮ੍ਹਾਂ ਕਰਾਉਣ ਦਾ ਫੈਸਲਾ ਕਰ ਸਕਦੇ ਹਨ। ਜੇਕਰ ਮਾਪਿਆਂ ਨੇ eSSPA ਰਾਹੀਂ DP ਅਰਜ਼ੀਆਂ ਜਮ੍ਹਾਂ ਕਾਰਵਾਈਆਂ ਹਨ, ਤਾਂ ਉਹਨਾਂ ਨੂੰ ਆਪਣੀਆਂ CA ਅਰਜ਼ੀਆਂ ਜਮ੍ਹਾਂ ਕਰਾਉਣ ਲਈ eSSPA ਦੀ ਵਰਤੋਂ ਜਾਰੀ ਰੱਖਣ ਦੀ ਲੋੜ ਹੈ।

**(5) ਪ੍ਰ Choice Form ਭਰਦੇ ਸਮੇਂ ਮਾਪਿਆਂ ਨੂੰ ਕਿਹੜੇ ਦਸਤਾਵੇਜ਼ਾਂ ਦਾ ਹਵਾਲਾ ਲੈਣਾ ਚਾਹੀਦਾ ਹੈ?**

ਉ Choice Form ਭਰਦੇ ਸਮੇਂ, ਮਾਪਿਆਂ ਨੂੰ "ਕੇਂਦਰੀ ਵੰਡ ਤੇ ਮਾਪਿਆਂ ਲਈ ਨੋਟਸ", "ਅਣ-ਪ੍ਰਤੀਬੰਧਿਤ ਸਕੂਲੀ ਵਿਕਲਪਾਂ ਲਈ ਹੈਂਡਬੁੱਕ" ਅਤੇ ਸੰਬੰਧਿਤ ਸਕੂਲ ਨੈੱਟ ਦੀਆਂ "ਸੈਕੰਡਰੀ ਸਕੂਲ ਸੂਚੀ" ਦਾ ਹਵਾਲਾ ਦੇਣਾ ਚਾਹੀਦਾ ਹੈ।

"ਕੇਂਦਰੀ ਵੰਡ ਤੇ ਮਾਪਿਆਂ ਲਈ ਨੋਟਸ"

- ਅਪ੍ਰੈਲ 2026 ਦੀ ਸ਼ੁਰੂਆਤ ਵਿੱਚ EDB's Homepage ਅਤੇ eSSPA ਤੇ ਅਪਲੋਡ ਕੀਤਾ ਜਾਵੇਗਾ।

"ਅਣ-ਪ੍ਰਤੀਬੰਧਿਤ ਸਕੂਲੀ ਵਿਕਲਪਾਂ ਲਈ ਹੈਂਡਬੁੱਕ"

- ਅਪ੍ਰੈਲ 2026 ਦੀ ਸ਼ੁਰੂਆਤ ਵਿੱਚ EDB's Homepage ਅਤੇ eSSPA, ਅਤੇ EDB ਦੇ 24-ਘੰਟੇ ਦੇ ਸਵੈਚਾਲਿਤ ਟੈਲੀਫ਼ੋਨ ਪੁੱਛਗਿੱਛ ਸਿਸਟਮ 2891 0088 ਤੇ (2 (English) > 6 (Fax ਰਾਹੀਂ ਜਾਣਕਾਰੀ ਬੇਨਤੀ) > 4 (ਸੈਕੰਡਰੀ ਸਕੂਲ ਸਥਾਨ ਦੀ ਵੰਡ ਪ੍ਰਣਾਲੀ: ਸਕੂਲ ਸੂਚੀਆਂ))ਤੇ ਅਪਲੋਡ ਕੀਤਾ ਜਾਵੇਗਾ।

"ਸੈਕੰਡਰੀ ਸਕੂਲ ਸੂਚੀ"

- ਅਪ੍ਰੈਲ 2026 ਦੀ ਸ਼ੁਰੂਆਤ ਵਿੱਚ ਆਪਣੇ ਬੱਚਿਆਂ ਦੇ ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਦੇ ਹੋਏ ਸਕੂਲ ਰਾਹੀਂ ਸੰਬੰਧਤ ਨੈੱਟ ਦੀ "ਸੈਕੰਡਰੀ ਸਕੂਲ ਸੂਚੀ" ਪ੍ਰਾਪਤ ਕਰਨਗੇ।
- EDB's Homepage ਅਤੇ eSSPA ਤੇ ਨਵੀਨਤਮ ਔਨਲਾਈਨ ਸੰਸਕਰਣ ਨੂੰ ਦੇਖ ਸਕਦੇ ਹੋ।

**(6) ਪ੍ਰ. Choice Form ਜਮ੍ਹਾਂ ਕਰਨ ਦੀ ਆਖਿਰੀ ਤਾਰੀਖ ਕਦੋਂ ਹੈ?**

ਉ ਜਿਨ੍ਹਾਂ ਮਾਪਿਆਂ ਨੇ eSSPA ਉਪਭੋਗਤਾਵਾਂ ਵਜੋਂ ਰਜਿਸਟਰ ਕੀਤਾ ਹੈ ਅਤੇ ਆਪਨੇ ਅਕਾਉਂਟ ਨੂੰ "iAM Smart+"[2] ਨਾਲ ਜੋੜਿਆ ਹੈ, ਉਹ eSSPA ਰਾਹੀਂ 9 ਅਪ੍ਰੈਲ ਤੋਂ 6 ਮਈ 2026 ਦੇ ਵਿਚਕਾਰ CA ਅਰਜ਼ੀਆਂ ਜਮ੍ਹਾਂ ਕਰਵਾ ਸਕਦੇ ਹਨ। ਮਾਪਿਆਂ ਨੂੰ ਮਈ 2026 ਦੀ ਸ਼ੁਰੂਆਤ ਵਿੱਚ EDB ਨੂੰ ਜਮ੍ਹਾਂ ਕਰਵਾਉਣ ਲਈ ਆਪਨੇ ਬੱਚਿਆਂ ਦੇ ਪ੍ਰਾਇਮਰੀ ਸਕੂਲ ਨੂੰ ਭਰਿਆ ਹੋਇਆ ਇਲੈਕ੍ਟ੍ਰਾਨਿਕ ਜਾਂ ਕਾਗਜ਼ੀ Choice Form ਵਾਪਸ ਕਰਨਾ ਚਾਹੀਦਾ ਹੈ। ਮਾਪਿਆਂ ਨੂੰ ਇੱਕ ਹੀ ਬੱਚੇ ਲਈ eSSPA ਰਾਹੀਂ ਅਤੇ ਕਾਗਜ਼ੀ ਰੂਪ ਵਿੱਚ ਉਸ ਪ੍ਰਾਇਮਰੀ ਸਕੂਲ ਵਿੱਚ ਡੁਪਲੀਕੇਟ ਅਰਜ਼ੀਆਂ ਜਮ੍ਹਾਂ ਨਹੀਂ ਕਰਵਾਉਣੀ ਚਾਹੀਦੀਆਂ, ਜਿਸ ਵਿੱਚ ਬੱਚਾ ਹਲੇ ਜਾ ਰਿਹਾ ਹੈ।

**(7) ਪ੍ਰ. Choice Form ਤੇ ਸਕੂਲ ਵਿਕਲਪ ਭਰਦੇ ਸਮੇਂ ਮਾਪਿਆਂ ਨੂੰ ਕੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ?**

ਉ ਮਾਪਿਆਂ ਨੂੰ ਜ਼ੋਰਦਾਰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇੱਕ ਸਹੀ ਸਕੂਲ ਵਿਕਲਪ ਬਨਾਉਣ ਲਈ,ਸਕੂਲ ਦੇ ਸਾਰੇ ਪਹਿਲੂਆਂ, ਜਿਵੇਂ ਕਿ ਇਸਦੇ ਵਿਦਿਅਕ ਫਲਸਫੇ, ਰਿਵਾਇਤਾਂ, ਧਰਮ, ਜਮਾਤੀ ਬਣਤਰ, ਵਿਕਾਸ ਅਤੇ ਕਾਰਜ-ਪ੍ਰਣਾਲੀ, ਅਤੇ ਆਪਣੇ ਬੱਚਿਆਂ ਦੀਆਂ ਵਿਸ਼ੇਸ਼ਤਾਵਾਂ, ਸ਼ਖਸ਼ੀਅਤ, ਯੋਗਤਾਵਾਂ ਅਤੇ ਰੁਚੀਆਂ ਵਰਗੇ ਪਹਿਲੂਆਂ ਤੇ ਵਿਚਾਰ ਕਰਨ ।

Choice Form Part -A ਅਤੇ Part -B ਵਿੱਚ ਵੰਡੇ ਗਏ ਹਨ। Part -A "ਅਣ-ਪ੍ਰਤੀਬੰਧਿਤ ਸਕੂਲੀ ਵਿਕਲਪਾਂ" ਲਈ, ਮਾਪੇ ਕਿਸੇ ਵੀ ਸਕੂਲ ਨੈੱਟ ਤੋਂ ਵੱਧ ਤੋਂ ਵੱਧ ਤਿੰਨ ਸੈਕੰਡਰੀ ਸਕੂਲਾਂ ਦੀ ਚੋਣ ਕਰ ਸਕਦੇ ਹਨ, ਜਿਸ ਵਿੱਚ ਉਹਨਾਂ ਦੇ ਬੱਚਿਆਂ ਦੇ ਆਪਣੇ ਸਕੂਲ ਨੈੱਟ ਦੇ ਸਕੂਲ ਵੀ ਸ਼ਾਮਲ ਹਨ। Part -B "ਪ੍ਰਤੀਬੰਧਿਤ ਸਕੂਲ ਵਿਕਲਪਾਂ" ਲਈ, ਮਾਪਿਆਂ ਨੂੰ ਸਕੂਲ ਨੈੱਟ ਤੋਂ ਉਹਨਾਂ ਸਕੂਲਾਂ ਨੂੰ ਭਰਨਾ ਚਾਹੀਦਾ ਹੈ ਜਿਸ ਨਾਲ ਉਹਨਾਂ ਦੇ ਬੱਚੇ ਉਹਨਾਂ ਦੀ ਤਰਜੀਹ ਦੇ ਕ੍ਰਮ ਵਿੱਚ ਸਬੰਧਤ ਹਨ ਅਤੇ ਜਿੱਥੋਂ ਤੱਕ ਸੰਭਵ ਹੋਵੇ 30 ਵਿਕਲਪਾਂ ਨੂੰ ਭਰਨਾ ਚਾਹੀਦਾ ਹੈ। ਜੇਕਰ ਉਹਨਾਂ ਦੁਆਰਾ Part -A ਵਿੱਚ ਦਰਸਾਏ ਗਏ ਸੈਕੰਡਰੀ ਸਕੂਲ ਵੀ ਉਹਨਾਂ ਦੇ ਬੱਚਿਆਂ ਦੇ ਸਕੂਲ ਨੈੱਟ ਵਿੱਚ ਸਥਿਤ ਹਨ, ਤਾਂ ਉਹ ਇਹਨਾਂ ਸਕੂਲਾਂ ਨੂੰ Part -B ਵਿੱਚ ਸ਼ਾਮਲ ਕਰ ਸਕਦੇ ਹਨ।

ਹਾਲਾਂਕਿ, ਮਾਪਿਆਂ ਦੁਆਰਾ ਉਸੇ ਭਾਗ ਵਿੱਚ ਇੱਕੋ ਸਕੂਲ ਦੀ ਵਾਰ-ਵਾਰ ਚੋਣ ਨਹੀਂ ਕਰਨੀ ਚਾਹੀਦੀ ਕਿਉਂਕਿ ਇਸ ਨਾਲ ਬੱਚਿਆਂ ਨੂੰ ਉਸੇ ਸਕੂਲ ਵਿੱਚ ਅਲਾਟ ਕੀਤੇ ਜਾਣ ਦੇ ਮੌਕੇ ਨਹੀਂ ਵੱਧਣਗੇ।


---

[2] "iAM Smart+" ਦੇ ਰਜਿਸਟ੍ਰੇਸ਼ਨ ਦੇ ਵੇਰਵੇ/ "iAM Smart+" ਵਿੱਚ ਅੱਪਗ੍ਰੇਡ ਕਰਨ ਲਈ, ਕਿਰਪਾ ਕਰਕੇ, "iAM Smart" ਵੈਬਸਾਈਟ (https://www.iamsmart.gov.hk)ਵੇਖੋ (ਚੁਣੋ: Home > "iAM Smart" Registration > Registration Methods).

**(8) ਪ੍ਰ ਕੀ ਮਾਪਿਆਂ ਲਈ CA ਪੜਾਅ 'ਤੇ Choice Form ਪੂਰਾ ਭਰਨਾ ਜ਼ਰੂਰੀ ਹੈ ਜੇਕਰ ਉਨ੍ਹਾਂ ਦੇ ਬੱਚਿਆਂ ਨੂੰ SSPA System (ਭਾਗ ਲੈਣ ਵਾਲੇ ਸੈਕੰਡਰੀ ਸਕੂਲ) ਵਿੱਚ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਤੋਂ ਸਫਲ DP ਬਿਨੈਕਾਰਾਂ ਵਜੋਂ ਸੂਚਨਾਵਾਂ ਪ੍ਰਾਪਤ ਹੋਈਆਂ ਹਨ?**

ਉ ਭਾਵੇਂ ਵਿਦਿਆਰਥੀਆਂ ਨੇ ਭਾਗ ਲੈਣ ਵਾਲੇ ਸੈਕੰਡਰੀ ਸਕੂਲ (Jockey Club Ti-I College ਸਮੇਤ) ਦੇ DP ਲਈ ਅਰਜ਼ੀ ਦਿੱਤੀ ਹੋਵੇ ਜਾ ਨਹੀਂ, ਉਨ੍ਹਾਂ ਨੂੰ ਮਈ 2026 ਦੀ ਸ਼ੁਰੂਆਤ ਵਿੱਚ eSSPA ਰਾਹੀਂ ਜਾਂ ਕਾਗਜ਼ੀ ਰੂਪ ਵਿਭ ਪ੍ਰਾਇਮਰੀ ਸਕੂਲਾਂ ਰਾਹੀਂ EDB ਨੂੰ ਭਰਿਆ ਹੋਇਆ Choice Form ਜਮ੍ਹਾਂ ਕਰਵਾਉਣਾ ਹੋਵੇਗਾ। ਇਹ, ਇਸ ਗੱਲ ਨੂੰ ਯਕੀਨੀ ਬਣਾਉਣ ਲਈ ਹੈ ਕਿ ਜੇਕਰ ਉਹ ਇਹਨਾਂ ਸਕੂਲਾਂ ਵਿੱਚ ਆਪਣੀ ਅਰਜ਼ੀ ਵਿੱਚ ਸਫਲ ਨਹੀਂ ਹੋਏ ਹਨ, ਤਾਂ ਵੀ ਉਹਨਾਂ ਨੂੰ CA ਵਿੱਚ ਇੱਕ S1 ਸਥਾਨ ਅਲਾਟ ਕੀਤਾ ਜਾਵੇਗਾ।

ਉਹਨਾਂ ਵਿਦਿਆਰਥੀਆਂ ਲਈ ਜਿਨ੍ਹਾਂ ਨੂੰ ਭਾਗ ਲੈਣ ਵਾਲੇ ਸਕੂਲਾਂ ਦੁਆਰਾ ਸਫਲ DP ਬਿਨੈਕਾਰਾਂ ਵਜੋਂ ਸੂਚਿਤ ਕੀਤਾ ਗਿਆ ਹੈ, ਜਾਂ Jockey Club Ti-I College ਜਾਂ ਸਿੱਧੀ ਸਬਸਿਡੀ ਸਕੀਮ ਸੈਕੰਡਰੀ ਦੁਆਰਾ ਦਾਖਲਾ ਦਿੱਤਾ ਗਿਆ ਹੈ ਜੋ SSPA System (NDSS secondary schools) ਵਿੱਚ ਹਿੱਸਾ ਨਹੀਂ ਲੈ ਰਹੇ ਹਨ, ਕਿਰਪਾ ਕਰਕੇ Part -A ਅਤੇ Part -B ਵਿੱਚ ਸਕੂਲ ਦੀਆਂ ਚੋਣਾਂ ਦੇ ਭਾਗਾਂ ਨੂੰ ਛੱਡਣ ਲਈ "ਸੈਕੰਡਰੀ ਵਨ ਚੁਆਇਸ ਆਫ਼ ਸਕੂਲਜ਼ ਫਾਰਮ" ਤੇ ਸਕੂਲ ਚੌਣਾਂ ਕਰਨ ਦੀ ਲੋੜ ਨਹੀਂ ਹੈ" (ਕਿਰਪਾ ਕਰਕੇ ਹੇਠਾਂ ਦਿੱਤੇ ਚਿੱਤਰ ਨੂੰ ਵੇਖੋ) ਦੀ ਚੋਣ ਕਰੋ, ਅਤੇ eSSPA ਰਾਹੀਂ ਅਤੇ Choice Form ਦੀ ਪੁਸ਼ਟੀ ਕਰਨ ਅਤੇ ਜਮ੍ਹਾਂ ਕਰਾਉਣ ਦੇ ਨਾਲ-ਨਾਲ, "iAM Smart+" ਨਾਲ ਡਿਜੀਟਲ ਤੌਰ 'ਤੇ ਦਸਤਖਤ ਕਰੋ।




ਜਿਹੜੇ ਮਾਪੇ ਪੇਪਰ ਵਾਲਾ Choice Form ਜਮ੍ਹਾਂ ਕਰਦੇ ਹਨ, ਕਿਰਪਾ ਕਰਕੇ Choice Form ਤੇ "ਸਕੂਲ ਚੌਣਾਂ ਕਰਨ ਦੀ ਲੋੜ ਨਹੀਂ ਹੈ" ਦੀ ਚੋਣ ਕਰੋ, ਸਕੂਲ ਚੋਣਾਂ ਦੇ ਹਿੱਸਿਆਂ ਤੇ ਕ੍ਰੌਸ ਕਰ ਦਿਓ, ਅਤੇ ਸੰਪਰਕ ਜਾਣਕਾਰੀ ਭਰਨ ਤੋਂ ਬਾਅਦ Choice Form ਤੇ ਦਸਤਖਤ ਕਰੋ ਤਾਂ ਜੋ ਇਹ ਦਰਸਾਇਆ ਜਾ ਸਕੇ ਕਿ ਉਨ੍ਹਾਂ ਨੂੰ ਸਕੂਲ ਚੌਣਾਂ ਕਰਨ ਦੀ ਲੋੜ ਨਹੀਂ ਹੈ (ਕਿਰਪਾ ਕਰਕੇ ਹੇਠਾਂ ਦਿੱਤੇ ਚਿੱਤਰ ਨੂੰ ਵੇਖੋ)।



請在以下其中一個空格內填上 √ 號： Please tick one of the boxes below:

☐ 需要填寫選校部分（請填寫本表格甲部及乙部的學校選擇）
Make school choices (Please fill in the school choices in Part A and Part B on this form)

☑ 不需要填寫選校部分，因學生已獲參加派位中學通知為自行分配學位正取學生，或已獲賽馬會體藝中學或不參加派位的直接資助計劃中學錄取（即放棄參加統一派位）
Do NOT need to make school choices as the student has been notified as successful Discretionary Places applicant, or has been admitted by Jockey Club Ti-I College or Direct Subsidy Scheme secondary schools not participating in the Secondary School Places Allocation System (i.e. give up participating in Central Allocation)

☐ 不需要透過中學學位分配辦法獲分配資助中一學位（例如學生將離港升學）（即放棄參加派位）
Do NOT need to be allocated a subsidised Secondary 1 place through the Secondary School Places Allocation System (for example, the student will study outside Hong Kong) (i.e. give up participating in the Secondary School Places Allocation System)

甲部 Part A 不受學校網限制的學校選擇 Unrestricted School Choices

任何學校網的學校，包括學生所屬學校網。請參閱《不受學校網限制選校手冊》，並依選擇的優先次序填上學校編號。電腦會先處理甲部的學校選擇。

ANY school nets, including the student's school net. Please refer to the "Handbook for Unrestricted School Choices" and enter below the School Codes in order of preference. The school choices in Part A will be processed first.

| 第一選擇 First Choice | 第二選擇 Second Choice | 第三選擇 Third Choice |
|---|---|---|
| 學校編號 School Code | 學校編號 School Code | 學校編號 School Code |

乙部 Part B 按學校網的學校選擇 Restricted School Choices

學生所屬學校網 Student's School Net: HK2

請參閱學生所屬學校網的《中學一覽表》，並依選擇的優先次序填上網內的學校編號。學生如未獲分配甲部選填的學校，電腦便會處理乙部的學校選擇。

Please refer to the "Secondary School List" and enter below the School Codes within student's school net in order of preference. The school choices in Part B will be processed if students are not allocated school places in Part A.

| 選擇次序 Order of Preference | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| 學校編號 School Code | | | | | | | | | | |

| 選擇次序 Order of Preference | 11 | 12 | 13 | 14 | 15 | 16 | 17 | 18 | 19 | 20 |
|---|---|---|---|---|---|---|---|---|---|---|
| 學校編號 School Code | | | | | | | | | | |

| 選擇次序 Order of Preference | 21 | 22 | 23 | 24 | 25 | 26 | 27 | 28 | 29 | 30 |
|---|---|---|---|---|---|---|---|---|---|---|
| 學校編號 School Code | | | | | | | | | | |

本人聲明，表內所選填的學校為本人閱讀《統一派位家長須知》後自願填寫的。I certify that I have read the "Notes for Parents on Central Allocation" and I have made the above choices at my own will.

本人同意教育局透過電話短訊形式(SMS)通知學生的派位結果予本人。本人可接收 SMS 的手提電話號碼已填寫在右邊的方格內（如不同意接收 SMS 請留空此方格）。Consent is given for the Education Bureau to inform me of the allocation results of the student via SMS message. My mobile phone number which can receive SMS is provided in the box on the right (please leave the box blank if you do not wish to receive SMS) 9866 XXXX

家長/監護人簽署 Signature of Parent/Guardian: Chan T M 聯絡電話 Contact Tel. No.: 9866 XXXX 日期 Date: XX/XX/2026

家長/監護人姓名（請用正楷填寫） Name of Parent/Guardian (In BLOCK Letters): 陳大文

住址 Home Address: 香港XX道XX號XX大廈XX樓XX室

EDB 140 SO 307

ਜੇ ਮਾਪੇ "ਸਕੂਲ ਚੋਣਾ ਕਰੋ" ਦੀ ਚੋਣ ਕਰਦੇ ਹਨ, ਪਰ ਕੋਈ ਸਕੂਲ ਚੋਣ ਨਹੀਂ ਕਰਦੇ, ਅਤੇ ਵਿਦਿਆਰਥੀਆਂ ਨੂੰ ਨਾ ਤਾਂ DP ਪੜਾਅ ਤੇ ਸਕੂਲ ਦੀ ਜਗ੍ਹਾ ਅਲਾਟ ਕੀਤੀ ਜਾਂਦੀ ਹੈ, ਅਤੇ ਨਾ ਹੀ Jockey Club Ti-I College/ NDSS secondary schools ਸੈਕੰਡਰੀ ਸਕੂਲਾਂ ਦੁਆਰਾ ਦਾਖਲਾ ਦਿੱਤਾ ਜਾਂਦਾ ਹੈ, ਤਾਂ ਵਿਦਿਆਰਥੀਆਂ ਨੂੰ ਸਥਾਪਿਤ ਵੰਡ ਵਿਧੀ ਦੇ ਅਨੁਸਾਰ ਸਕੂਲਾਂ ਦੀਆਂ ਥਾਵਾਂ ਅਲਾਟ ਕੀਤੀਆਂ ਜਾਣਗੀਆਂ।

## <u>ਵੰਡ ਬੈਂਡ</u>

**(9) ਪ੍ਰ ਵੰਡ ਬੈਂਡ ਕਿਵੇਂ ਨਿਰਧਾਰਤ ਕੀਤੇ ਜਾਂਦੇ ਹਨ? ਇਹਨਾਂ ਨੂੰ ਕਿਸ ਲਈ ਵਰਤਿਆਂ ਜਾਂਦਾ ਹੈ?**

ਉ ਵਿਦਿਆਰਥੀਆਂ ਨੂੰ ਉਹਨਾਂ ਦੇ ਸਕੇਲ ਕੀਤੇ ਗਏ internal assessment (IA) ਦੇ ਨਤੀਜਿਆਂ ਅਨੁਸਾਰ ਉਹਨਾਂ ਦੇ ਵੰਡ ਬੈਂਡ ਪ੍ਰਾਪਤ ਹੁੰਦੇ ਹਨ। ਪ੍ਰਾਇਮਰੀ 5 (P5) ਦੇ ਅੰਤ ਵਿੱਚ, ਅਤੇ ਮੱਧ ਸਾਲ ਵਿੱਚ , ਅਤੇ P6 ਦੇ ਅੰਤ ਵਿੱਚ ਵਿਦਿਆਰਥੀਆਂ ਦੇ IA ਨਤੀਜੇ ਸਕੂਲ ਦੇ Pre-Secondary One Hong Kong Attainment Test (Pre-S1 HKAT) 2018 ਅਤੇ 2024 ਦੇ ਨਮੂਨੇ ਦੇ ਨਤੀਜਿਆਂ ਦੇ ਔਸਤ ਦੇ ਆਧਾਰ ਤੇ ਮਾਨਕੀਕ੍ਰਿਤ ਅਤੇ ਸਕੇਲ ਕੀਤੇ ਜਾਣਗੇ, । ਉਹਨਾਂ ਸਕੂਲਾਂ ਲਈ ਜਿਨ੍ਹਾਂ ਕੋਲ Pre-S1 HKAT 2018 ਜਾਂ 2024 (ਜਿਵੇਂ ਕਿ ਇੱਕ ਨਵਾਂ ਭਾਗ ਲੈਣ ਵਾਲਾ ਸਕੂਲ) ਦੇ ਨਮੂਨੇ ਦੇ ਨਤੀਜੇ ਨਹੀਂ ਹਨ, ਉਸ ਸਾਲ ਵਿੱਚ ਉਸੇ ਸਕੂਲ ਦੇ ਨੈੱਟ ਵਿੱਚ ਭਾਗ ਲੈਣ ਵਾਲੇ ਸਾਰੇ ਪ੍ਰਾਇਮਰੀ ਸਕੂਲਾਂ ਦੇ Pre-S1 HKAT ਨਤੀਜਿਆਂ ਦੀ ਔਸਤ ਸਕੇਲਿੰਗ ਦੀ ਵਰਤੋਂ ਟੂਲ ਦੇ ਰੂਪ ਵਿੱਚ ਕੀਤੀ ਜਾਵੇਗੀ।

CA ਦੇ Part -A "ਅਣ-ਪ੍ਰਤੀਬੰਧਿਤ ਸਕੂਲੀ ਵਿਕਲਪਾਂ" ਵਿੱਚ ਸਕੂਲੀ ਸਥਾਨਾਂ ਦੀ ਵੰਡ ਲਈ, ਖੇਤਰ ਦੇ ਸਾਰੇ ਵਿਦਿਆਰਥੀਆਂ ਦੇ ਸਕੇਲ ਕੀਤੇ ਅੰਕ ਮੈਰਿਟ ਦੇ ਕ੍ਰਮ ਵਿੱਚ ਰੱਖੇ ਜਾਣਗੇ। ਫੇਰ ਵਿਦਿਆਰਥੀਆਂ ਨੂੰ ਬਰਾਬਰ ਰੂਪ ਵਿੱਚ ਤਿੰਨ ਖੇਤਰੀ ਬੈਂਡਾਂ ਵਿੱਚ ਵੰਡਿਆ ਜਾਵੇਗਾ, ਜਿੰਨ੍ਹਾਂ ਵਿੱਚੋਂ ਹਰੇਕ ਖੇਤਰ ਵਿੱਚ ਪ੍ਰਾਇਮਰੀ ਵਿਦਿਆਰਥੀਆਂ ਦੀ ਕੁੱਲ ਸੰਖਿਆ ਦਾ 1/3 ਭਾਗ ਹੋਵੇਗਾ। CA ਦੇ Part -B "ਪ੍ਰਤਿਬੰਧਿਤ ਸਕੂਲ ਵਿਕਲਪਾਂ" ਵਿੱਚ ਸਕੂਲ ਸਥਾਨਾਂ ਦੀ ਵੰਡ ਦੇ ਸਬੰਧ ਵਿੱਚ, ਇੱਕੋ ਸਕੂਲ ਨੈੱਟ ਦੇ ਅੰਦਰ ਸਾਰੇ ਵਿਦਿਆਰਥੀਆਂ ਦੇ ਸਕੇਲ ਕੀਤੇ ਅੰਕ ਮੈਰਿਟ ਦੇ ਕ੍ਰਮ ਵਿੱਚ ਰੱਖੇ ਜਾਣਗੇ। ਫਿਰ ਵਿਦਿਆਰਥੀਆਂ ਨੂੰ ਤਿੰਨ ਨੈੱਟ ਬੈਂਡਾਂ ਵਿੱਚ ਬਰਾਬਰ ਵੰਡਿਆ ਜਾਵੇਗਾ, ਹਰੇਕ ਵਿੱਚ ਸਕੂਲ ਨੈੱਟ ਵਿੱਚ ਪ੍ਰਾਇਮਰੀ ਵਿਦਿਆਰਥੀਆਂ ਦੀ ਕੁੱਲ ਸੰਖਿਆ ਦਾ 1/3 ਹਿੱਸਾ ਸ਼ਾਮਲ ਹੋਵੇਗਾ।

ਹਾਲਾਂਕਿ ਖੇਤਰ ਬੈਂਡ ਅਤੇ ਨੈਟ ਬੈਂਡ ਦੀ ਵਰਤੋਂ ਕ੍ਰਮਵਾਰ CA ਦੇ Part -A ਵਿੱਚ "ਅਣ-ਪ੍ਰਤੀਬੰਧਿਤ ਸਕੂਲ ਵਿਕਲਪਾਂ" ਵਾਸਤੇ ਵਿਦਿਆਰਥੀ ਦੀ ਵੰਡ ਦੇ ਕ੍ਰਮ ਦਾ ਨਿਰਣਾ ਕਰਨ ਲਈ ਅਤੇ CA ਦੇ Part -B ਵਿੱਚ "ਪ੍ਰਤਿਬੰਧਿਤ ਸਕੂਲ ਵਿਕਲਪਾਂ ਲਈ ਕੀਤਾ ਜਾਂਦਾ ਹੈ । ਉਹ P6 ਵਿਦਿਆਰਥੀਆਂ ਦੇ ਅਕਾਦਮਿਕ ਪ੍ਰਦਰਸ਼ਨ ਦਾ ਮੁਲਾਂਕਣ ਕਰਨ ਲਈ ਕੋਈ ਸੰਪੂਰਨ ਮਿਆਰ ਨਹੀਂ ਹਨ। , ਵੰਡ ਪ੍ਰਕਿਰਿਆ ਦੇ ਪੂਰਾ ਹੋਣ ਦੇ ਬਾਅਦ ਵਿਅਕਤੀਗਤ ਵਿਦਿਆਰਥੀਆਂ ਦੇ ਵੰਡ ਬੈਂਡ ਨੂੰ ਬਰਕਰਾਰ ਨਹੀਂ ਰੱਖਿਆ ਜਾਵੇਗਾ।

**<u>ਕਿਰਪਾ ਕਰਕੇ ਧਿਆਨ ਦਿਓ ਕਿ ਮੌਜੂਦਾ ਕਾਰਜ-ਵਿਧੀ ਦੇ ਤਹਿਤ, ਜਦੋਂ SSPA ਵਿੱਚ ਭਾਗ ਲੈਣ ਵਾਲੇ ਸਾਰੇ ਪ੍ਰਾਇਮਰੀ ਸਕੂਲਾਂ ਨੇ P5 ਅਤੇ ਮੱਧ ਸਾਲ ਵਿੱਚ ਅਤੇ P6 ਦੇ ਅੰਤ ਵਿੱਚ ਆਪਣੇ ਵਿਦਿਆਰਥੀਆਂ ਦੇ IA ਨਤੀਜੇ ਜਮ੍ਹਾਂ ਕਰਵਾਏ ਹਨ, ਤਾਂ ਕੰਪਿਊਟਰ ਉਪਰੋਕਤ ਸਕੇਲਿੰਗ ਵਿਧੀ ਦੇ ਅਨੁਸਾਰ IA ਨਤੀਜਿਆਂ ਨੂੰ ਐਡਜਸਟ ਕਰੇਗਾ। ਕੇਂਦਰੀ ਵੰਡ ਕੰਪਿਊਟਰ ਪ੍ਰੋਗਰਾਮ ਖੇਤਰ ਵਿੱਚ ਅਤੇ ਵਿਅਕਤੀਗਤ ਸਕੂਲ ਨੈੱਟ ਦੇ ਅੰਦਰ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਨੂੰ ਅੰਤਿਮ ਰੂਪ ਦੇਣ ਤੋਂ ਬਾਅਦ ਚੱਲੇਗਾ। ਇਸ ਲਈ , ਵਿਦਿਆਰਥੀਆਂ ਦੇ ਖੇਤਰੀ ਬੈਂਡ ਅਤੇ ਨੈੱਟ ਬੈਂਡ ਨੂੰ ਸਿਰਫ ਉਦੋਂ ਹੀ ਨਿਰਧਾਰਤ ਕੀਤਾ ਜਾ ਸਕਤਾ ਹੈ ਜਦੋਂ ਕੰਪਿਊਟਰ ਵੰਡ ਪ੍ਰਕਿਰਿਆ ਸ਼ੁਰੂ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ, ਸਿਰਫ ਉਹਨਾਂ ਦੇ ਅੰਕ/ਮੈਰਿਟ ਦੇ ਕ੍ਰਮ ਅਤੇ ਉਸੇ ਸਕੂਲ ਦੇ ਪਿਛਲੇ ਸਮੂਹਾਂ ਦੇ ਵਿਦਿਆਰਥੀਆਂ ਦੇ ਅਕਾਦਮਿਕ ਪ੍ਰਦਰਸ਼ਨ ਦੇ ਅਧਾਰ ਤੇ ਵਿਅਕਤੀਗਤ ਵਿਦਿਆਰਥੀਆਂ ਦੇ ਵੰਡ ਬੈਂਡ ਦਾ ਸਹੀ ਅੰਦਾਜ਼ਾ ਲਗਾਉਣਾ ਅਸੰਭਵ ਹੈ। ਵਿਦਿਆਰਥੀਆਂ ਦਾ ਅਸਲ ਵੰਡ ਬੈਂਡ ਸਕੂਲਾਂ ਜਾਂ ਮਾਪਿਆਂ ਦੁਆਰਾ ਕੀਤੇ ਗਏ ਅਨੁਮਾਨਾਂ ਤੋਂ ਵੱਖਰਾ ਹੋ ਸਕਦਾ ਹੈ। ਮਾਪਿਆਂ ਨੂੰ ਸੰਬੰਧਿਤ ਸਕੂਲ ਚੋਣਾਂ ਦੀ ਜਾਣਕਾਰੀ ਦਾ ਹਵਾਲਾ ਦਿੰਦੇ ਸਮੇਂ ਸਮਝਦਾਰੀ ਵਰਤਣੀ ਚਾਹੀਦੀ ਹੈ।</u>**

ਸਕੇਲਿੰਗ ਵਿਧੀ ਅਤੇ ਵੰਡ ਬੈਂਡ ਬਾਰੇ ਸੰਬੰਧਿਤ ਵੀਡੀਓ ਸਮੇਂ ਸਿਰ EDB's Homepage ਤੇ ਉਪਲਬਧ ਹੋਵੇਗਾ।

**(10) ਪ੍ਰ ਜੇਕਰ ਇੱਕ ਵਿਦਿਆਰਥੀ ਨੂੰ ਕਰਾਸ-ਨੈੱਟ ਅਲਾਟਮੈਂਟ ਲਈ ਮਨਜ਼ੂਰੀ ਮਿਲ ਜਾਂਦੀ ਹੈ, ਤਾਂ ਨਵੇਂ ਸਕੂਲ ਨੈੱਟ ਵਿੱਚ ਉਸਦਾ ਨੈੱਟ ਬੈਂਡ ਕਿਵੇਂ ਨਿਰਧਾਰਤ ਕੀਤਾ ਜਾਂਦਾ ਹੈ? ਕੀ ਉਸਦੀ ਖੇਤਰੀ ਬੈਂਡ ਵਿੱਚ ਕੋਈ ਫਰਕ ਪਵੇਗਾ?**

ਉ ਕਰਾਸ-ਨੈੱਟ ਵੰਡ ਲਈ ਪ੍ਰਵਾਨਿਤ ਵਿਦਿਆਰਥੀ ਲਈ, ਉਸ ਦੇ ਪਿਛਲੇ ਸਕੂਲ ਨੈਟ ਵਿੱਚ ਪ੍ਰਾਪਤ ਕੀਤੇ ਸਕੇਲ ਕੀਤੇ ਅੰਕਾਂ ਦੀ ਤੁਲਨਾ ਨਵੇਂ ਸਕੂਲ ਨੈਟ ਵਿੱਚ ਵਿਦਿਆਰਥੀਆਂ ਦੇ ਸਕੇਲ ਕੀਤੇ ਅੰਕਾਂ ਨਾਲ ਕੀਤੀ ਜਾਵੇਗੀ ਤਾਂ ਜੋ ਉਸਦੇ ਨੈਟ ਬੈਂਡ ਦਾ ਨਿਰਣਾ ਕੀਤਾ ਜਾ ਸਕੇ। **ਦੂਜੇ ਸ਼ਬਦਾਂ ਵਿੱਚ, ਨਵੇਂ ਸਕੂਲ ਨੈੱਟ ਵਿੱਚ ਵਿਦਿਆਰਥੀ ਦਾ ਨੈੱਟ ਬੈਂਡ ਉਸਦੇ ਮੂਲ ਸਕੂਲ ਦੇ ਨੈਟ ਨਾਲੋਂ ਵੱਖਰਾ ਹੋ ਸਕਦਾ ਹੈ।** ਜਿੱਥੋਂ ਤੱਕ ਵਿਦਿਆਰਥੀ ਦੇ ਖੇਤਰੀ ਬੈਂਡ ਦਾ ਸਵਾਲ ਹੈ, ਇਸ ਨੂੰ ਪ੍ਰਵਾਨਿਤ ਕਰਾਸ-ਨੈੱਟ ਵੰਡ ਦੇ ਕਾਰਨ ਬਦਲਿਆ ਨਹੀਂ ਜਾਵੇਗਾ।

**ਸਕੂਲ ਨੈੱਟ**

**(11) ਪ੍ਰ. ਸਕੂਲ ਨੈੱਟ ਕੀ ਹੈ? ਸੈਕੰਡਰੀ ਸਕੂਲ ਨੈੱਟਾਂ ਦਾ ਨਿਰਧਾਰਣ ਕਿਵੇਂ ਕੀਤਾ ਜਾਂਦਾ ਹੈ?**

ਉ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਹੱਦਾਂ ਅਨੁਸਾਰ, ਸਕੂਲ ਦੀਆਂ ਸਥਾਨਾਂ ਦੇ ਵੰਡ ਲਈ ਪੂਰੇ ਖੇਤਰ ਨੂੰ 18 ਸੈਕੰਡਰੀ ਸਕੂਲ ਨੈੱਟਾਂ ਵਿੱਚ ਵੰਡਿਆ ਗਿਆ ਹੈ ਕਿਉਂਕਿ Part -B ਵਿੱਚ CA ਸਕੂਲ ਨੈੱਟ ਦੁਆਰਾ ਕੀਤਾ ਜਾਂਦਾ ਹੈ। ਹਰੇਕ ਸਕੂਲ ਨੈੱਟ ਵਿੱਚ ਅਸਲ ਵਿੱਚ ਭਾਗ ਲੈਣ ਵਾਲੇ ਸਾਰੇ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਸ਼ਾਮਲ ਹੁੰਦੇ ਹਨ ਜੋ ਜ਼ਿਲ੍ਹੇ ਵਿੱਚ ਸਥਿਤ ਹੁੰਦੇ ਹਨ, ਇਸਦੇ ਨਾਲ-ਨਾਲ ਹੋਰ ਜ਼ਿਲ੍ਹਿਆਂ ਵਿੱਚ ਸੈਕੰਡਰੀ ਸਕੂਲ ਤੋਂ S1 ਸਥਾਨ ਸ਼ਾਮਲ ਹੁੰਦੇ ਹਨ ਜੋ ਵਿਅਕਤੀਗਤ ਸਕੂਲਾਂ/ਸਕੂਲ ਨੈੱਟ ਦੀ ਸਥਿਤੀ ਨੂੰ ਧਿਆਨ ਵਿੱਚ ਰਖਦੇ ਹੋਏ ਨੈੱਟਿੰਗ ਪ੍ਰਬੰਧ ਪ੍ਰਦਾਨ ਕਰਦੇ ਹਨ। ਹੋਰ ਜ਼ਿਲ੍ਹਿਆਂ ਤੋਂ ਮੁਹੱਈਆ ਕਰਵਾਏ ਗਏ ਸੈਕੰਡਰੀ ਸਕੂਲਾਂ ਅਤੇ ਸਕੂਲੀ ਸਥਾਨ ਦੀ ਗਿਣਤੀ ਮੰਗ ਅਤੇ ਸਪਲਾਈ ਦੀ ਸਥਿਤੀ ਦੇ ਅਨੁਸਾਰ ਸਾਲ-ਦਰ-ਸਾਲ ਵੱਖ-ਵੱਖ ਹੋ ਸਕਦੀ ਹੈ। ਮੌਜੂਦਾ ਨੀਤੀ ਦੇ ਅਨੁਸਾਰ, ਉਨ੍ਹਾਂ ਵਿਦਿਆਰਥੀਆਂ ਨੂੰ ਛੱਡ ਕੇ ਜਿਨ੍ਹਾਂ ਦੀਆਂ ਕਰਾਸ-ਨੈੱਟ ਵੰਡ ਲਈ ਅਰਜ਼ੀਆਂ ਮਨਜ਼ੂਰ ਕੀਤੀਆਂ ਜਾਂਦੀਆਂ ਹਨ, ਸਿਧਾਂਤਕ ਤੌਰ 'ਤੇ, ਸੈਕੰਡਰੀ ਸਕੂਲ ਨੈੱਟ ਜਿਸ ਨਾਲ ਵਿਦਿਆਰਥੀ ਸਬੰਧਤ ਹੈ, ਦਾ ਨਿਰਣਾ ਪ੍ਰਾਇਮਰੀ ਸਕੂਲ ਦੇ ਭੌਤਿਕ ਟਿਕਾਣੇ ਦੁਆਰਾ ਕੀਤਾ ਜਾਂਦਾ ਹੈ ਜਿਸ ਵਿੱਚ ਵਿਦਿਆਰਥੀ ਹਾਜ਼ਰੀ ਭਰਦਾ ਆ ਰਿਹਾ ਹੈ ਨਾ ਕਿ ਉਸ ਜ਼ਿਲ੍ਹੇ ਤੋਂ ਜਿੱਥੇ ਵਿਦਿਆਰਥੀ ਰਹਿ ਰਿਹਾ ਹੈ।

**(12) ਪ੍ਰ. ਸਕੂਲ ਨੈੱਟ ਦਾ ਪ੍ਰਬੰਧ ਕਿਵੇਂ ਕੀਤਾ ਜਾਂਦਾ ਹੈ?**

ਉ ਜਨਤਕ ਖੇਤਰ ਦੇ S1 ਸਥਾਨਾਂ ਦੀ ਵਿਵਸਥਾ ਦੀ ਯੋਜਨਾ ਖੇਤਰ-ਵਿਆਪੀ ਆਧਾਰ 'ਤੇ ਬਣਾਈ ਗਈ ਹੈ। ਇਹ ਦੇਖਦੇ ਹੋਏ ਕਿ ਵਿਅਕਤੀਗਤ ਜ਼ਿਲ੍ਹਿਆਂ ਵਿੱਚ ਸਕੂਲ ਸਥਾਨਾਂ ਦੀ ਮੰਗ ਅਤੇ ਸਪਲਾਈ ਵਿੱਚ ਸਾਲ-ਦਰ-ਸਾਲ ਬਦਲਾਵ ਹੋ ਸਕਦੇ ਹਨ, ਲੋੜ ਨੂੰ ਪੂਰਾ ਕਰਨ ਲਈ S1ਸਥਾਨਾਂ ਦੀ ਢੁਕਵੀਂ ਵੰਡ ਨੂੰ ਯਕੀਨੀ ਬਣਾਉਣ ਲਈ ਅਤੇ ਮਾਪਿਆਂਨੂੰ ਵਧੇਰੇ ਵਿਕਲਪ ਪ੍ਰਦਾਨ ਕਰਨ ਲਈ, S1 ਸਥਾਨਾਂ ਨੂੰ ਦੂਜੇ ਜ਼ਿਲ੍ਹਿਆਂ ਤੋਂ ਉਨ੍ਹਾਂ ਜ਼ਿਲ੍ਹਿਆਂ ਵਿੱਚ ਤਬਦੀਲ ਕਰਨਾ ਜਿੱਥੇ ਸੈਕੰਡਰੀ ਸਕੂਲਾਂ ਅਤੇ/ਜਾਂ ਸਕੂਲ ਸਥਾਨਾਂ ਦੀ ਗਿਣਤੀ ਘੱਟ ਹੈ, ਇੱਕ ਲੰਬੇ ਸਮੇਂ ਤੋਂ ਸਥਾਪਿਤ ਪ੍ਰਬੰਧ ਹੈ ਜੋ ਸੰਤੁਲਨ ਵੀ ਬਣਾ ਸਕਦਾ ਹੈ ਅਤੇ, ਜਿੱਥੇ ਤੱਕ ਮੁਮਕਿਨ ਹੋਵੇ ਵੱਖ-ਵੱਖ ਹਿੱਸੇਦਾਰਾਂ ਦੀਆਂ ਚਿੰਤਾਵਾਂ ਅਤੇ ਲੋੜਾਂ ਨੂੰ ਵੀ ਸੰਬੋਧਿਤ ਕਰ ਸਕਦਾ ਹੈ। ਨੈਟਿੰਗ ਦੇ ਪ੍ਰਬੰਧ ਕਰਦੇ ਸਮੇਂ, EDB ਕਾਰਕਾਂ ਦੇ ਇੱਕ ਸਮੂਹ ਨੂੰ ਧਿਆਨ ਵਿੱਚ ਰੱਖਦਾ ਹੈ, ਜਿਵੇਂ ਕਿ ਵੱਖ-ਵੱਖ ਜ਼ਿਲ੍ਹਿਆਂ ਵਿੱਚ ਸਕੂਲੀ ਸਥਾਨਾਂ ਦੀ ਮੰਗ ਅਤੇ ਸਪਲਾਈ, ਸਕੂਲ ਦੀਆਂ ਕਿਸਮਾਂ ਦੀ ਵੰਡ, ਸਕੂਲਾਂ ਦੀ ਸਥਿਤੀ ਅਤੇ ਸੰਬੰਧਿਤ ਆਵਾਜਾਈ ਸਹੂਲਤਾਂ ਦੇ ਨਾਲ-ਨਾਲ S1ਸਥਾਨਾਂ ਦਾ ਸਥਾਪਤ ਨੈਟਿੰਗ ਪੈਟਰਨ । , EDB, SSPA Committee ਨਾਲ ਸਲਾਹ-ਮਸ਼ਵਰਾ ਕਰਕੇ, SSPA System ਦੇ ਅਧੀਨ ਪ੍ਰਬੰਧਾਂ ਬਾਰੇ ਹਿੱਸੇਦਾਰਾਂ ਦੇ ਵਿਚਾਰਾਂ 'ਤੇ ਵਿਚਾਰ ਕਰਨ ਤੋਂ ਬਾਅਦ ਸਬੰਧਤ ਸਾਲ ਦੇ ਨੈੱਟਿੰਗ ਪ੍ਰਬੰਧਾਂ ਨੂੰ ਤਿਆਰ ਕਰਣਗੇ।

ਹੋਰ ਜ਼ਿਲ੍ਹਿਆਂ ਤੋਂ ਲਏ ਗਏ ਸੈਕੰਡਰੀ ਸਕੂਲਾਂ ਅਤੇ ਸਕੂਲੀ ਸਥਾਨਾਂ ਦੀ ਸੰਖਿਆ ਮੰਗ ਅਤੇ ਸਪਲਾਈ ਦੀਆਂ ਹਾਲਤਾਂ ਅਨੁਸਾਰ ਸਾਲ ਦਰ ਸਾਲ ਬਦਲਦੀ ਰਹਿ ਸਕਦੀ ਹੈ। ਮਾਪਿਆਂ ਨੂੰ ਹਰ ਸਾਲ EDB ਦੁਆਰਾ ਵੰਡੀਆਂ ਜਾਂਦੀਆਂ "ਸੈਕੰਡਰੀ ਸਕੂਲ ਸੂਚੀਆਂ" ਦਾ ਹਵਾਲਾ ਲੈਣਾ ਚਾਹੀਦਾ ਹੈ ਤਾਂ ਜੋ ਸਬੰਧਿਤ ਗੇੜ ਦੇ ਨੈੱਟ ਬਣਾਉਣ ਦੇ ਪ੍ਰਬੰਧ ਕੀਤੇ ਜਾ ਸਕਣ।

**(13) ਪ੍ਰ ਕੀ DP ਪੜਾਅ ਤੋਂ ਬਾਅਦ, ਅਪ੍ਰੈਲ 2026 ਤੋਂ ਸ਼ੁਰੂ ਹੋਣ ਵਾਲੇ CA ਦੇ ਸੰਬੰਧਿਤ ਦਸਤਾਵੇਜ਼ਾਂ ਵਿੱਚ ਦਰਸਾਏ ਗਏ ਅਣਵਰਤੇ ਸਕੂਲ ਸਥਾਨਾਂ ਦੀ ਗਿਣਤੀ ਨੂੰ ਅੱਪਡੇਟ ਕੀਤਾ ਜਾਵੇਗਾ ਤਾਂ ਜੋ CA ਪੜਾਅ 'ਤੇ ਮਾਪਿਆਂ ਦੀ ਸਕੂਲ ਦੀ ਚੋਣ ਵਿੱਚ ਮਦਦ ਮਿਲ ਸਕੇ?**

ਉ ਮੌਜੂਦਾ SSPA mechanism ਦੇ ਤਹਿਤ, DP ਪੜਾਅ 'ਤੇ, ਕੁਝ ਵਿਦਿਆਰਥੀਆਂ ਨੂੰ ਦੋ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਤੋਂ ਉਨ੍ਹਾਂ ਦੀਆਂ ਸਫਲ DP ਅਰਜ਼ੀਆਂ ਦੀਆਂ ਸੂਚਨਾਵਾਂ ਪ੍ਰਾਪਤ ਹੋ ਸਕਦੀਆਂ ਹਨ ਅਤੇ ਅੰਤ ਵਿੱਚ ਉਹਨਾਂ ਨੂੰ ਉਹਨਾਂ ਦੀ ਪਹਿਲੀ ਪਸੰਦ ਦੇ ਸਕੂਲਾਂ ਨੂੰ ਅਲਾਟ ਕੀਤਾ ਜਾਵੇਗਾ, ਇੱਕ ਸਕੂਲ ਦੀ ਜਗ੍ਹਾ ਖਾਲੀ ਛੱਡ ਦਿੱਤੀ ਜਾਵੇਗੀ। ਇਸ ਤੋਂ ਇਲਾਵਾ, ਕੁਝ ਸਫਲ ਬਿਨੈਕਾਰ ਉਹਨਾਂ ਨੂੰ ਅਲਾਟ ਕੀਤੀ DP ਨੂੰ ਛੱਡ ਸਕਦੇ ਹਨ ਅਤੇ NDSS secondary schools ਦੁਆਰਾ ਪੇਸ਼ ਕੀਤੇ ਸਥਾਨਾਂ ਨੂੰ ਸਵੀਕਾਰ ਕਰ ਸਕਦੇ ਹਨ। ਇਹਨਾਂ ਸਫਲ DP ਬਿਨੈਕਾਰਾਂ ਨੂੰ ਅਲਾਟ ਕੀਤੇ ਸਥਾਨ ਵੀ ਉਪਲਬਧ ਕਰਵਾਏ ਜਾਣਗੇ। ਇਹਨਾਂ ਸਥਾਨਾਂ ਨੂੰ ਰਿਜ਼ਰਵ ਬਿਨੈਕਾਰਾਂ ਨੂੰ ਅਲਾਟ ਕੀਤਾ ਜਾਵੇਗਾ ਅਤੇ ਬਾਕੀ ਬਚੇ ਸਥਾਨਾਂ (ਜੇ ਕੋਈ ਹੋਵੇ) ਨੂੰ CA ਲਈ ਵਰਤਿਆ ਜਾਵੇਗਾ। CA ਸੰਬੰਧੀ ਦਸਤਾਵੇਜ਼ਾਂ ਨੂੰ ਅਪ੍ਰੈਲ 2026 ਵਿੱਚ ਉਹਨਾਂ ਦੇ ਸੰਦਰਭ ਲਈ ਮਾਪਿਆਂ ਨੂੰ ਵੰਡਣ ਲਈ ਮਾਰਚ 2026 ਵਿੱਚ ਪ੍ਰਿੰਟ ਕੀਤਾ ਜਾਣਾ ਹੈ। ਇਸ ਲਈ, ਤੰਗ ਸਮਾਂ-ਸਾਰਣੀ ਦੇ ਕਾਰਨ ਸਬੰਧਤ ਸਕੂਲ ਸਥਾਨਾਂ ਦੀ ਸੰਖਿਆ ਨੂੰ ਅਪਡੇਟ ਕਰਨਾ ਸੰਭਵ ਨਹੀਂ ਹੈ।

**(14) ਪ੍ਰ ਕਰਾਸ-ਨੈੱਟ ਵੰਡ ਕੀ ਹੈ?**

ਉ CA ਦੇ Part -B ਲਈ ਸਕੂਲ ਦੇ ਸਥਾਨਾਂ ਦੀ ਵੰਡ ਸਕੂਲ ਨੈੱਟ ਦੁਆਰਾ ਕੀਤੀ ਜਾਂਦੀ ਹੈ ਅਤੇ ਸਕੂਲ ਨੈੱਟ ਜਿਸ ਨਾਲ ਵਿਦਿਆਰਥੀ ਸਬੰਧ ਰੱਖਦਾ ਹੈ, ਸਿਧਾਂਤਕ ਤੌਰ 'ਤੇ ਪ੍ਰਾਇਮਰੀ ਸਕੂਲ ਦਾ ਸਕੂਲ ਨੈੱਟ ਹੈ ਜਿੱਥੇ ਉਸਨੇ ਹਾਜਰੀ ਲਗਾਈ ਹੁੰਦੀ ਹੈ। ਜੇਕਰ ਕਿਸੇ ਵਿਦਿਆਰਥੀ ਨੂੰ ਸਕੂਲ ਨੈੱਟ ਨੂੰ ਬਦਲਣ ਲਈ, ਖਾਸ ਕਾਰਨਾਂ ਦੇ ਨਾਲ, ਸੱਚ-ਮੁੱਚ ਲੋੜ ਹੈ, ਤਾਂ ਮਾਪੇ ਸੰਬੰਧਿਤ ਸਬੂਤ ਦਸਤਾਵੇਜ਼ਾਂ ਦੇ ਨਾਲ ਕ੍ਰਾਸ-ਨੈੱਟ ਵੰਡ ਲਈ ਇੱਕ ਬਿਨੈ-ਪੱਤਰ EDB ਨੂੰ ਪ੍ਰਾਇਮਰੀ ਸਕੂਲ ਰਾਹੀਂ ਦਾਖਲ ਕਰ ਸਕਦੇ ਹਨ ਜਿਸ ਵਿੱਚ ਉਹਨਾਂ ਦਾ ਬੱਚਾ ਫਰਵਰੀ 2026 ਦੇ ਆਖੀਰ ਤੱਕ ਪੜ੍ਹ ਰਿਹਾ ਹੈ। ਮਾਪੇ ਜਿਹੜੇ eSSPA ਵਰਤੋਂਕਾਰ ਵਜੋਂ ਰਜਿਸਟਰ ਹਨ, ਅਤੇ ਆਪਣੇ ਖਾਤੇ ਨੂੰ "iAM Smart+" ਨਾਲ ਜੋੜਿਆ ਹੋਇਆ ਹੈ, eSSPA ਰਾਹੀਂ ਕਰਾਸ-ਨੈੱਟ ਵੰਡ ਲਈ ਅਰਜ਼ੀ ਜਮ੍ਹਾਂ ਕਰ ਸਕਦੇ ਹਨ। ਵੱਖ-ਵੱਖ ਮਾਪਿਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ, ਕਾਗਜ਼ੀ Application Form ਸਵੀਕਾਰ ਕੀਤੇ ਜਾਂਦੇ ਰਹਿਣਗੇ। ਮਾਪਿਆਂ ਨੂੰ ਇੱਕ ਹੀ ਬੱਚੇ ਲਈ eSSPA ਰਾਹੀਂ ਅਤੇ ਕਾਗਜ਼ੀ ਫਾਰਮ ਦੇ ਰੂਪ ਵਿੱਚ ਡੁਪਲੀਕੇਟ ਬਿਨੈ-ਪੱਤਰ ਜਮ੍ਹਾਂ ਨਹੀਂ ਕਰਨਾ ਚਾਹੀਦਾ। ਪ੍ਰਾਇਮਰੀ ਸਕੂਲ ਅੱਗੇ ਦੀ ਪ੍ਰਕਿਰਿਆ ਲਈ ਅਰਜ਼ੀ ਦਸਤਾਵੇਜ਼ਾਂ ਦੀਆਂ ਸਾਰੀਆਂ ਪ੍ਰਮਾਣਿਤ ਕਾਪੀਆਂ EDB ਨੂੰ ਭੇਜੇਗਾ। ਜੇਕਰ ਵਿਦਿਆਰਥੀ ਨੂੰ ਸਕੂਲ ਨੈੱਟ ਲਈ ਕਰਾਸ-ਨੈੱਟ ਅਲਾਟਮੈਂਟ ਲਈ ਮਨਜ਼ੂਰੀ ਦਿੱਤੀ ਜਾਂਦੀ ਹੈ, ਜਿਸ ਨਾਲ ਉਸਦਾ Hong Kong ਰਿਹਾਇਸ਼ੀ ਪਤਾ (ਅਰਥਾਤ ਇੱਕ ਰਿਹਾਇਸ਼ੀ ਸਥਾਨ ਜਿਸ 'ਤੇ ਬਿਨੈਕਾਰ ਵਿਦਿਆਰਥੀ ਰਹਿੰਦਾ ਹੈ ਅਤੇ ਜੋ ਮੌਜੂਦਾ ਵੰਡ ਚੱਕਰ ਵਿੱਚ ਉਸਦਾ ਇਕਲੌਤਾ ਜਾਂ ਮੁੱਖ ਘਰ ਬਣਦਾ ਹੈ) ਨਾਲ ਸਬੰਧਤ ਹੈ, ਤਾਂ ਉਹ ਨਵੇਂ ਸਕੂਲ ਨੈੱਟ ਵਿੱਚ CA ਦੇ Part -B ਵਿੱਚ ਭਾਗ ਲਵੇਗਾ।

**(15) ਪ੍ਰ. ਅਰਜ਼ੀ ਦੇਣ ਵਾਲੇ ਵਿਦਿਆਰਥੀ ਦੇ ਰਿਹਾਇਸ਼ੀ ਪਤੇ ਦੀ ਘੋਸ਼ਣਾ ਕਰਦੇ ਸਮੇਂ ਅਤੇ ਸਬੰਧਿਤ ਸਬੂਤ ਦਸਤਾਵੇਜ਼ ਪ੍ਰਦਾਨ ਕਰਦੇ ਸਮੇਂ ਮਾਪਿਆਂ ਨੂੰ ਕਿਸ ਚੀਜ਼ ਦਾ ਧਿਆਨ ਰੱਖਣਾ ਚਾਹੀਦਾ ਹੈ ਜੇਕਰ ਉਹ ਕਰਾਸ-ਨੈੱਟ ਅਲਾਟਮੈਂਟ ਲਈ ਅਰਜ਼ੀ ਦੇਣਾ ਚਾਹੁੰਦੇ ਹਨ?**

ਉ ਮਾਪਿਆਂ ਨੂੰ ਇਹ ਨੋਟ ਕਰਨਾ ਚਾਹੀਦਾ ਹੈ ਕਿ ਮੌਜੂਦਾ ਵੰਡ ਚੱਕਰ ਵਿੱਚ ਅਰਜ਼ੀ ਦੇਣ ਵਾਲੇ ਵਿਦਿਆਰਥੀ ਦਾ ਰਿਹਾਇਸ਼ੀ ਪਤਾ Hong Kong ਵਿੱਚ ਉਸਦਾ ਇੱਕੋ ਇੱਕ ਜਾਂ ਮੁੱਖ ਨਿਵਾਸ ਸਥਾਨ ਹੋਣਾ ਚਾਹੀਦਾ ਹੈ, ਯਾਨੀ ਕਿ ਇੱਕ ਰਹਿਣ ਵਾਲਾ ਸਥਾਨ ਜਿੱਥੇ ਬਿਨੈਕਾਰ ਵਿਦਿਆਰਥੀ ਰਹਿੰਦਾ ਹੈ ਅਤੇ ਜੋ ਉਸਦਾ ਇੱਕੋ ਇੱਕ ਜਾਂ ਮੁੱਖ ਘਰ ਹੁੰਦਾ ਹੈ। ਸਵੀਕਾਰ ਕਰਨਯੋਗ Hong Kong ਦੇ ਰਿਹਾਇਸ਼ੀ ਪਤਾ ਸਬੂਤ ਦਸਤਾਵੇਜ਼ਾਂ ਵਿੱਚ ਮੋਹਰ ਲੱਗੇ ਕਿਰਾਏਦਾਰੀ ਇਕਰਾਰਨਾਮੇ, ਅਤੇ/ਜਾਂ ਸਰਕਾਰੀ ਕਿਰਾਏ ਦੀਆਂ ਦਰਾਂ ਲਈ ਡਿਮਾਂਡ ਨੋਟ, ਜਨਤਕ ਹਾਊਸਿੰਗ ਅਥਾਰਟੀਆਂ ਦੁਆਰਾ ਜਾਰੀ ਕੀਤੇ ਕਿਰਾਏਦਾਰੀ ਇਕਰਾਰਨਾਮਿਆਂ ਜਾਂ ਕਿਰਾਏਦਾਰ ਦੇ ਕਿਰਾਇਆ ਕਾਰਡਾਂ, ਰਿਹਾਇਸ਼ੀ ਟੈਲੀਫੋਨ/ਘਰੇਲੂ ਬਰੌਡਬੈਂਡ ਬਿੱਲਾਂ, ਅਤੇ ਕਈ ਸਾਰੀਆਂ ਯੂਟਿਲਿਟੀ ਕੰਪਨੀਆਂ ਦੇ ਬਿੱਲ ਸ਼ਾਮਲ ਹਨ, ਜਿਵੇਂ ਕਿ Towngas ਬਿਜਲੀ ਕੰਪਨੀਆਂ , Water Supplies Department, ਆਦਿ। ਹੋਰ ਦਸਤਾਵੇਜ਼ ਜਿਵੇਂ ਕਿ ਬੈਂਕ ਸਟੇਟਮੈਂਟ ਮੋਬਾਈਲ ਫੋਨ ਬਿੱਲ, ਕੋਰਟ ਦੇ ਸੰਮਨ ਅਤੇ ਟੈਕਸ ਡਿਮਾਂਡ ਨੋਟ ਸਵੀਕਾਰ ਨਹੀਂ ਕੀਤੇ ਜਾਣਗੇ। ਇਸਤੋਂ ਇਲਾਵਾ, ਮਾਪੇ (ਦੂਜੇ ਸ਼ਬਦਾਂ ਵਿੱਚ ਭੁਗਤਾਨ ਕਰਤਾ) ਦਾ ਨਾਮ ਅਤੇ ਪਤਾ Hong Kong ਦੇ ਰਿਹਾਇਸ਼ੀ ਪਤਾ ਸਬੂਤ ਦਸਤਾਵੇਜ਼ 'ਤੇ ਛਾਪਿਆ ਜਾਣਾ ਚਾਹੀਦਾ ਹੈ।

**(16) ਪ੍ਰ. ਕੀ ਮਾਪੇ ਆਪਣੀ ਪਹਿਲਾਂ ਜਮ੍ਹਾਂ ਕਾਰਵਾਈ DP ਅਰਜ਼ੀ (ਅਰਜ਼ੀਆਂ) ਨੂੰ ਰੱਦ ਕਰ ਸਕਦੇ ਹਨ? ਕੀ ਉਹਨਾਂ ਦੇ ਮਾਪਿਆਂ ਨੂੰ CA ਪੜਾਅ ਤੇ Choice Form ਭਰਨਾ ਪਵੇਗਾ?**

ਉ ਮੌਜੂਦਾ SSPA mechanism ਦੇ ਤਹਿਤ, ਵਿਦਿਆਰਥੀ ਆਪਣੀਆਂ ਇੱਕ ਜਾਂ ਦੋਵੇਂ DP ਅਰਜ਼ੀਆਂ ਨੂੰ ਰੱਦ ਕਰ ਸਕਦੇ ਹਨ ਜੇਕਰ ਉਹਨਾਂ ਨੂੰ ਕਰਾਸ-ਨੈੱਟ ਵੰਡ ਵਾਸਤੇ ਅਰਜ਼ੀ ਦੇਣ ਦੀ ਲੋੜ ਪੈਂਦੀ ਹੈ, ਅਤੇ ਸਬੰਧਤ ਸੈਕੰਡਰੀ ਸਕੂਲ (ਸਕੂਲਾਂ) ਨੂੰ ਉਸ ਜ਼ਿਲ੍ਹੇ ਵਿੱਚ ਸਥਿਤ ਨਹੀਂ ਹੋਣਾ ਚਾਹੀਦਾ ਜਿਸ ਲਈ ਉਹਨਾਂ ਨੇ ਅਰਜ਼ੀ ਦਿੱਤੀ ਸੀ। ਇਸ ਸਥਿਤੀ ਵਿੱਚ, ਭਾਵੇਂ ਵਿਦਿਆਰਥੀਆਂ ਨੂੰ ਸਫਲ ਬਿਨੈਕਾਰਾਂ ਵਜੋਂ ਸੂਚਿਤ ਕੀਤਾ ਗਿਆ ਹੈ, ਸਬੰਧਤ DP ਆਪਣੇ ਆਪ ਰੱਦ ਹੋ ਜਾਵੇਗਾ। ਜੇ ਭਾਗ ਲੈਣ ਵਾਲੇ ਸੈਕੰਡਰੀ ਸਕੂਲਾਂ ਦੁਆਰਾ ਪੇਸ਼ ਕੀਤੇ ਗਏ ਸਾਰੇ DP ਕਰਾਸ-ਨੈੱਟ ਅਰਜ਼ੀ ਦੇ ਕਾਰਨ ਰੱਦ ਕਰ ਦਿੱਤੇ ਜਾਂਦੇ ਹਨ, ਤਾਂ ਸਬੰਧਿਤ ਮਾਪਿਆਂ ਨੂੰ Choice Form ਭਰਨਾ ਪਵੇਗਾ ਤਾਂ ਜੋ ਉਨ੍ਹਾਂ ਦੇ ਬੱਚੇ CA ਵਿੱਚ ਭਾਗ ਲੈ ਸਕਣ। ਜੇਕਰ ਸਬੰਧਤ ਮਾਪੇ Choice Form ਤੇ ਕੋਈ ਸਕੂਲ ਵਿਕਲਪ ਨਹੀਂ ਚੁਣਦੇ ਅਤੇ ਸਬੰਧਤ ਵਿਦਿਆਰਥੀਆਂ ਨੂੰ ਕਿਸੇ ਵੀ NDSS secondary schools ਦੁਆਰਾ ਸਕੂਲ ਦੀ ਜਗ੍ਹਾ ਦੀ ਪੇਸ਼ਕਸ਼ ਨਹੀਂ ਕੀਤੀ ਗਈ ਹੈ, ਤਾਂ ਸਬੰਧਤ ਵਿਦਿਆਰਥੀਆਂ ਨੂੰ ਸਥਾਪਤ ਵੰਡ ਵਿਧੀ ਅਨੁਸਾਰ ਸਕੂਲ ਦੀ ਜਗ੍ਹਾ ਅਲਾਟ ਕੀਤੀ ਜਾਏਗੀ।

ਸਕੂਲ ਸਥਾਨਾਂ ਦੇ ਵੰਡ ਸੈਕਸ਼ਨ
ਸਿੱਖਿਆ ਬਿਊਰੋ
ਸਤੰਬਰ 2025